ਮਿੱਠੇ ਬੱਚੇ:- ਤੁਹਾਨੂੰ ਕਿਸੀ ਵੀ ਪਤਿਤ ਦੇਹਧਾਰੀਆਂ ਨਾਲ ਪਿਆਰ ਨਹੀਂ ਰੱਖਣਾ ਹੈ ਕਿਉਂਕਿ ਤੁਸੀਂ ਪਾਵਨ ਦੁਨੀਆਂ ਵਿੱਚ ਜਾ ਰਹੇ ਹੋ, ਇੱਕ ਬਾਪ ਨਾਲ ਪਿਆਰ ਕਰਨਾ ਹੈ"

ਪ੍ਰਸ਼ਨ:- ਤੁਸੀਂ ਬੱਚਿਆਂ ਨੂੰ ਕਿਸ ਚੀਜ਼ ਤੋਂ ਤੰਗ ਨਹੀਂ ਹੋਣਾ ਹੈ ਅਤੇ ਕਿਓ?

ਉੱਤਰ:- ਤੁਹਾਨੂੰ ਆਪਣੇ ਇਹ ਪੁਰਾਣੇ ਸ਼ਰੀਰ ਤੋਂ ਥੋੜ੍ਹਾ ਵੀ ਤੰਗ ਨਹੀਂ ਹੋਣਾ ਹੈ ਕਿਉਂਕਿ ਇਹ ਸ਼ਰੀਰ ਬਹੁਤ - ਬਹੁਤ ਵੈਲਿਊਏਬਲ ਹੈ। ਆਤਮਾ ਇਸ ਸ਼ਰੀਰ ਵਿੱਚ ਬੈਠ ਬਾਪ ਨੂੰ ਯਾਦ ਕਰਕੇ ਬਹੁਤ ਵੱਡੀ ਲਾਟਰੀ ਲੈ ਰਹੀ ਹੈ I ਬਾਪ ਦੀ ਯਾਦ ਵਿੱਚ ਰਹੋਗੇ ਤਾਂ ਖੁਸ਼ੀ ਦੀ ਖੁਰਾਕ ਮਿਲਦੀ ਰਹੇਗੀ।

ਓਮ ਸ਼ਾਂਤੀ ਮਿੱਠੇ - ਮਿੱਠੇ ਰੂਹਾਨੀ ਬੱਚੇ, ਹੁਣ ਦੂਰਦੇਸ਼ ਦੇ ਰਹਿਣ ਵਾਲੇ ਫੇਰ ਦੂਰਦੇਸ਼ ਦੇ ਯਾਤਰੀ ਹੋ। ਅਸੀਂ ਆਤਮਾਵਾਂ ਹਾਂ ਅਤੇ ਹੁਣ ਬਹੁਤ ਦੂਰਦੇਸ਼ ਜਾਣ ਦਾ ਪੁਰਸ਼ਾਰਥ ਕਰ ਰਹੇ ਹਾਂ। ਇਹ ਸਿਰਫ਼ ਤੁਸੀਂ ਬੱਚੇ ਹੀ ਜਾਣਦੇ ਹੋ ਕਿ ਅਸੀਂ ਆਤਮਾਵਾਂ ਦੂਰਦੇਸ਼ ਦੀ ਰਹਿਣ ਵਾਲੀਆਂ ਹਾਂ ਅਤੇ ਦੂਰਦੇਸ਼ ਵਿੱਚ ਰਹਿਣ ਵਾਲੇ ਬਾਪ ਨੂੰ ਵੀ ਬਲਾਉਂਦੇ ਹੋ ਕਿ ਆਕੇ ਸਾਨੂੰ ਵੀ ਉੱਥੇ ਦੂਰਦੇਸ਼ ਲੈ ਜਾਓ। ਹੁਣ ਦੂਰਦੇਸ਼ ਦਾ ਰਹਿਣ ਵਾਲਾ ਬਾਪ ਤੁਹਾਨੂੰ ਬੱਚਿਆਂ ਨੂੰ ਉੱਥੇ ਲੈ ਜਾਂਦੇ ਹਨ। ਤੁਸੀਂ ਰੂਹਾਨੀ ਯਾਤਰੀ ਹੋ ਕਿਉਂਕਿ ਇਸ ਸ਼ਰੀਰ ਦੇ ਨਾਲ ਹੋ ਨਾ। ਰੂਹ ਹੀ ਟ੍ਰੈਵਲਿੰਗ ਕਰੇਗੀ। ਸ਼ਰੀਰ ਤਾਂ ਇੱਥੇ ਹੀ ਛੱਡ ਦੇਵਾਂਗੇ। ਬਾਕੀ ਰੂਹ ਹੀ ਟ੍ਰੈਵਲਿੰਗ ( ਯਾਤਰਾ ) ਕਰੇਗੀ। ਰੂਹ ਕਿੱਥੇ ਜਾਏਗੀ? ਆਪਣੀ ਰੂਹਾਨੀ ਦੁਨੀਆਂ ਵਿੱਚ। ਇਹ ਹੈ ਜਿਸਮਾਨੀ ਦੁਨੀਆਂ, ਉਹ ਹੈ ਰੂਹਾਨੀ ਦੁਨੀਆਂ। ਬੱਚਿਆਂ ਨੂੰ ਬਾਪ ਨੇ ਸਮਝਾਇਆ ਹੈ ਹੁਣ ਘਰ ਵਾਪਿਸ ਜਾਣਾ ਹੈ, ਜਿੱਥੋਂ ਦੀ ਪਾਰ੍ਟ ਵਜਾਉਣ ਇੱਥੇ ਆਏ ਹੋ। ਇਹ ਬਹੁਤ ਵੱਡਾ ਮਾਂਡਵਾ ਜਾਂ ਸਟੇਜ਼ ਹੈ। ਸਟੇਜ਼ ਤੇ ਐਕਟ ਕਰਕੇ ਪਾਰ੍ਟ ਵਜਾਕੇ ਫੇਰ ਸਭਨੂੰ ਵਾਪਸ ਜਾਣਾ ਹੈ। ਨਾਟਕ ਜਦੋਂ ਪੂਰਾ ਹੋਵੇਗਾ ਉਦੋਂ ਤਾਂ ਜਾਣਗੇ ਨਾ। ਹੁਣ ਤੁਸੀਂ ਇੱਥੇ ਬੈਠੇ ਹੋ, ਤੁਹਾਡਾ ਬੁੱਧੀਯੋਗ ਘਰ ਅਤੇ ਰਾਜਧਾਨੀ ਵਿੱਚ ਹੈ। ਇਹ ਤਾਂ ਪੱਕਾ - ਪੱਕਾ ਯਾਦ ਕਰ ਲੋ ਕਿਉਂਕਿ ਇਹ ਤਾਂ ਗਾਇਨ ਹੈ ਅੰਤ ਮਤਿ ਸੋ ਗਤੀ। ਹੁਣ ਇੱਥੇ ਤੁਸੀਂ ਪੜ੍ਹ ਰਹੇ ਹੋ, ਜਾਣਦੇ ਹੋ ਭਗਵਾਨ ਸ਼ਿਵਬਾਬਾ ਸਾਨੂੰ ਪੜ੍ਹਾਉਂਦੇ ਹਨ। ਭਗਵਾਨ ਤਾਂ ਸਿਵਾਏ ਇਸ ਪੁਰਸ਼ੋਤਮ ਸੰਗਮਯੁਗ ਦੇ ਕਦੀ ਪੜ੍ਹਾਏਗਾ ਨਹੀਂ। ਸਾਰੇ 5 ਹਜ਼ਾਰ ਵਰ੍ਹੇ ਵਿੱਚ ਨਿਰਾਕਾਰ ਭਗਵਾਨ ਬਾਪ ਇੱਕ ਹੀ ਵਾਰ ਆਕੇ ਪੜ੍ਹਾਉਂਦੇ ਹਨ। ਇਹ ਤਾਂ ਤੁਹਾਨੂੰ ਪੱਕਾ ਨਿਸ਼ਚੈ ਹੈ। ਪੜ੍ਹਾਈ ਵੀ ਕਿੰਨੀ ਸਹਿਜ ਹੈ, ਹੁਣ ਘਰ ਜਾਣਾ ਹੈ। ਉਹ ਘਰ ਨਾਲ ਤੇ ਸਾਰੀ ਦੁਨੀਆਂ ਦਾ ਪਿਆਰ ਹੈ। ਮੁਕਤੀਧਾਮ ਵਿੱਚ ਜਾਣਾ ਤਾਂ ਸਭ ਚਾਹੁੰਦੇ ਹਨ ਪਰ ਉਸਦਾ ਵੀ ਅਰਥ ਨਹੀਂ ਸਮਝਦੇ ਹਨ। ਮਨੁੱਖਾਂ ਦੀ ਬੁੱਧੀ ਇਸ ਵਕਤ ਕਿਵੇਂ ਦੀ ਹੈ ਤੇ ਤੁਹਾਡੀ ਬੁੱਧੀ ਹੁਣ ਕਿਵੇਂ ਦੀ ਬਣੀ ਹੈ, ਕਿੰਨਾ ਫ਼ਰਕ ਹੈ ਨਾ। ਤੁਹਾਡੀ ਹੈ ਸਵੱਛ ਬੁੱਧੀ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਸਾਰੇ ਵਿਸ਼ਵ ਦੇ ਆਦਿ - ਮੱਧ - ਅੰਤ ਦੀ ਨਾਲੇਜ਼ ਤੁਹਾਨੂੰ ਚੰਗੀ ਤਰ੍ਹਾਂ ਹੈ। ਤੁਹਾਡੇ ਦਿਲ ਵਿੱਚ ਹੈ ਕਿ ਸਾਨੂੰ ਹੁਣ ਪੁਰਸ਼ਾਰਥ ਕਰ ਨਰ ਤੋਂ ਨਾਰਾਇਣ ਜ਼ਰੂਰ ਬਣਨਾ ਹੈ। ਇਥੋਂ ਦੀ ਤਾਂ ਪਹਿਲਾਂ ਆਪਣੇ ਘਰ ਵਿੱਚ ਜਾਣਗੇ ਨਾ। ਤੇ ਖੁਸ਼ੀ ਨਾਲ ਜਾਣਾ ਹੈ। ਜਿਵੇਂ ਸਤਿਯੁਗ ਵਿੱਚ ਦੇਵਤਾ ਖੁਸ਼ੀ ਨਾਲ ਇੱਕ ਸ਼ਰੀਰ ਛੱਡ ਦੂਜਾ ਲੈਂਦੇ ਹਨ, ਉਵੇਂ ਹੀ ਇਹ ਸ਼ਰੀਰ ਨੂੰ ਵੀ ਖੁਸ਼ੀ ਨਾਲ ਛੱਡਣਾ ਹੈ। ਇਸ ਤੋਂ ਤੰਗ ਨਹੀਂ ਹੋਣਾ ਹੈ ਕਿਉਂਕਿ ਇਹ ਬਹੁਤ ਵੈਲਿਊਏਬਲ ਸ਼ਰੀਰ ਹੈ। ਇਹ ਸ਼ਰੀਰ ਦੁਆਰਾ ਹੀ ਆਤਮਾ ਨੂੰ ਬਾਪ ਤੋਂ ਲਾਟਰੀ ਮਿਲਦੀ ਹੈ। ਅਸੀਂ ਜਦੋਂ ਤੱਕ ਪਵਿੱਤਰ ਨਹੀਂ ਬਣਾਂਗੇ ਤੇ ਘਰ ਜਾ ਨਹੀਂ ਸਕਾਂਗੇ। ਬਾਪ ਨੂੰ ਯਾਦ ਕਰਦੇ ਰਹਾਂਗੇ ਉਦੋਂ ਹੀ ਉਸ ਯੋਗਬਲ ਨਾਲ ਪਾਪਾਂ ਦਾ ਬੋਝਾ ਉਤਰੇਗਾ। ਨਹੀਂ ਤਾਂ ਬਹੁਤ ਸਜ਼ਾ ਖਾਣੀ ਪਵੇਗੀ। ਪਵਿੱਤਰ ਤਾਂ ਜ਼ਰੂਰ ਬਣਨਾ ਹੈ। ਲੌਕਿਕ ਸੰਬੰਧ ਵਿੱਚ ਵੀ ਬੱਚੇ ਕੋਈ ਗੰਦਾ ਪਤਿਤ ਕੰਮ ਕਰਦੇ ਹਨ ਤਾਂ ਬਾਪ ਗੁੱਸੇ ਵਿੱਚ ਆਕੇ ਸੋਟੀ ਨਾਲ ਵੀ ਮਾਰ ਦਿੰਦੇ ਹਨ, ਕਿਉਂਕਿ ਬੇਕਾਇਦੇ ਪਤਿਤ ਬਣਦੇ ਹਨ। ਕਿਸੇ ਨਾਲ ਵੀ ਬੇਕਾਇਦੇ ਪਿਆਰ ਰੱਖਦੇ ਹਨ ਉਦੋਂ ਵੀ ਮਾਂ - ਬਾਪ ਨੂੰ ਚੰਗਾ ਨਹੀਂ ਲੱਗਦਾ ਹੈ। ਇਹ ਬੇਹੱਦ ਦਾ ਬਾਪ ਫੇਰ ਕਹਿੰਦੇ ਹਨ ਤੁਹਾਨੂੰ ਬੱਚਿਆਂ ਨੂੰ ਇੱਥੇ ਤਾਂ ਰਹਿਣਾ ਨਹੀਂ ਹੈ। ਹੁਣ ਤੁਹਾਨੂੰ ਜਾਣਾ ਹੈ ਨਵੀਂ ਦੁਨੀਆਂ ਵਿੱਚ। ਉੱਥੇ ਵਿਕਾਰੀ ਪਤਿਤ ਕੋਈ ਹੁੰਦਾ ਨਹੀਂ। ਇੱਕ ਹੀ ਪਤਿਤ - ਪਾਵਨ ਬਾਪ ਆਕੇ ਇਵੇਂ ਪਾਵਨ ਤੁਹਾਨੂੰ ਬਣਾਉਂਦੇ ਹਨ। ਬਾਪ ਆਪ ਕਹਿੰਦੇ ਹਨ ਸਾਡਾ ਜਨਮ ਦਿਵਯ ਅਤੇ ਅਲੌਕਿਕ ਹੈ, ਹੋਰ ਕੋਈ ਵੀ ਆਤਮਾ ਮੇਰੇ ਸਮਾਨ ਸ਼ਰੀਰ ਵਿੱਚ ਪ੍ਰਵੇਸ਼ ਨਹੀਂ ਕਰ ਸਕਦੀ। ਭਾਵੇਂ ਧਰਮ ਸਥਾਪਕ ਜੋ ਆਉਂਦੇ ਹਨ ਉਨ੍ਹਾਂ ਦੀ ਆਤਮਾ ਵੀ ਪ੍ਰਵੇਸ਼ ਕਰਦੀ ਹੈ ਪਰ ਉਹ ਗੱਲ ਹੀ ਵੱਖ ਹੈ। ਅਸੀਂ ਤਾਂ ਆਉਂਦੇ ਹੀ ਹਾਂ ਸਭਨੂੰ ਵਾਪਸ ਲੈ ਜਾਣ ਦੇ ਲਈ। ਉਹ ਤਾਂ ਉਪਰੋਂ ਦੀ ਉੱਤਰਦੇ ਹਨ ਥੱਲੇ ਆਪਣਾ ਪਾਰ੍ਟ ਵਜਾਉਣ। ਅਸੀਂ ਤਾਂ ਸਭਨੂੰ ਲੈ ਜਾਂਦੇ ਹਾਂ ਫੇਰ ਦੱਸਦੇ ਹਾਂ ਕਿ ਤੁਸੀਂ ਕਿਵੇਂ ਪਹਿਲਾਂ - ਪਹਿਲਾਂ ਨਵੀਂ ਦੁਨੀਆਂ ਵਿੱਚ ਉਤਰੋਗੇ। ਉਸ ਨਵੀਂ ਦੁਨੀਆ ਸਤਿਯੁਗ ਵਿੱਚ ਬਗੁਲਾ ਕੋਈ ਵੀ ਹੁੰਦਾ ਨਹੀਂ। ਬਾਪ ਤਾਂ ਆਉਂਦੇ ਹੀ ਹਨ ਬਗੁਲਿਆਂ ਦੇ ਵਿੱਚ। ਫੇਰ ਤੁਹਾਨੂੰ ਹੰਸ ਬਣਾਉਂਦੇ ਹਨ। ਤੁਸੀਂ ਹੁਣ ਹੰਸ ਬਣੇ ਹੋ, ਮੋਤੀ ਹੀ ਚੁਗਦੇ ਹੋ। ਸਤਿਯੁਗ ਵਿੱਚ ਤੁਹਾਨੂੰ ਇਹ ਰਤਨ ਨਹੀਂ ਮਿਲਣਗੇ। ਇੱਥੇ ਤੁਸੀਂ ਇਹ ਗਿਆਨ ਰਤਨ ਚੁਗ ਕੇ ਹੰਸ ਬਣਦੇ ਹੋ। ਬਗੁਲੇ ਤੋਂ ਹੰਸ ਤੁਸੀਂ ਕਿਵੇਂ ਬਣਦੇ ਹੋ, ਇਹ ਬਾਪ ਬੈਠ ਸਮਝਾਉਂਦੇ ਹਨ। ਹੁਣ ਤੁਹਾਨੂੰ ਹੰਸ ਬਣਾਉਂਦੇ ਹਨ। ਦੇਵਤਾਵਾਂ ਨੂੰ ਹੰਸ, ਅਸੁਰਾਂ ਨੂੰ ਬਗੁਲਾ ਕਹਾਂਗੇ। ਹੁਣ ਤੁਸੀਂ ਕਿਚੜ੍ਹਾ ਛੱਡਕੇ ਮੋਤੀ ਚੁਗਦੇ ਹੋ।

ਤੁਹਾਨੂੰ ਹੀ ਪਦਮਾਪਦਮ ਭਾਗਿਆਸ਼ਾਲੀ ਕਹਿੰਦੇ ਹਨ। ਤੁਹਾਡੇ ਪੈਰ ਵਿੱਚ ਛਾਪਾ ਲਗਦਾ ਹੈ ਪਦਮਾ ਦਾ। ਸ਼ਿਵਬਾਬਾ ਨੂੰ ਤਾਂ ਪੈਰ ਹੈ ਨਹੀਂ ਜੋ ਪਦਮ ਹੋ ਸਕਣ। ਉਹ ਤਾਂ ਤੁਹਾਨੂੰ ਪਦਮਾਪਦਮ ਭਾਗਿਆਸ਼ਾਲੀ ਬਣਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਵਿਸ਼ਵ ਦਾ

ਮਾਲਿਕ ਬਣਾਉਣ ਆਇਆ ਹਾਂ। ਇਹ ਸਭ ਗੱਲਾਂ ਚੰਗੀ ਰੀਤੀ ਸਮਝਣ ਦੀਆਂ ਹਨ। ਮਨੁੱਖ ਇਹ ਤਾਂ ਸਮਝਦੇ ਹੈ ਨਾ ਸ੍ਵਰਗ ਸੀ। ਪਰ ਕਦੋਂ ਸੀ ਫੇਰ ਕਿਵੇਂ ਹੋਵੇਗਾ, ਉਹ ਪਤਾ ਨਹੀਂ। ਤੁਸੀਂ ਬੱਚੇ ਹੁਣ ਰੋਸ਼ਨੀ ਵਿੱਚ ਆਏ ਹੋ। ਉਹ ਸਭ ਹਨ ਹਨ੍ਹੇਰੇ ਵਿੱਚ। ਇਹ ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਕਦੋਂ ਕਿਵੇਂ ਬਣੇ, ਇਹ ਪਤਾ ਹੀ ਨਹੀਂ ਹੈ। 5 ਹਜ਼ਾਰ ਵਰ੍ਹੇ ਦੀ ਗੱਲ ਹੈ। ਬਾਪ ਬੈਠ ਸਮਝਾਉਂਦੇ ਹਨ ਜਿਵੇਂ ਤੁਸੀਂ ਆਉਂਦੇ ਹੋ ਪਾਰ੍ਟ ਵਜਾਉਣ, ਉਵੇਂ ਮੈਂ ਆਉਂਦਾ ਹਾਂ। ਤੁਸੀਂ ਨਿਮੰਤ੍ਰਣ ਦੇਕੇ ਬੁਲਾਉਂਦੇ ਹੋ - ਹੇ ਬਾਬਾ, ਸਾਨੂੰ ਪਤਿਤਾਂ ਨੂੰ ਆਕੇ ਪਾਵਨ ਬਣਾਓ। ਹੋਰ ਕਿਸੇ ਨੂੰ ਵੀ ਇਵੇਂ ਨਹੀਂ ਕਹਾਂਗੇ, ਆਪਣੇ ਧਰਮ ਸੰਸਥਾਪਕ ਨੂੰ ਵੀ ਇਵੇਂ ਨਹੀਂ ਕਹਾਂਗੇ ਕਿ ਆਕੇ ਸਭਨੂੰ ਪਾਵਨ ਬਣਾਓ। ਕ੍ਰਾਇਸਟ ਅਤੇ ਬੁੱਧ ਨੂੰ ਥੋੜ੍ਹੇਹੀ ਪਤਿਤ - ਪਾਵਨ ਕਹਾਂਗੇ। ਗੁਰੂ ਉਹ ਜੋ ਸਦਗਤੀ ਕਰੇ। ਉਹ ਤਾਂ ਆਉਂਦੇ ਹਨ, ਉਨ੍ਹਾਂ ਦੇ ਪਿਛਾੜੀ ਸਭਨੂੰ ਥੱਲੇ ਉਤਰਨਾ ਹੈ। ਇੱਥੇ ਵਾਪਿਸ ਜਾਣ ਦਾ ਰਾਸਤਾ ਦੱਸਣ ਵਾਲਾ, ਸਰਵ ਦੀ ਸਦਗਤੀ ਕਰਨ ਵਾਲਾ ਅਕਾਲ ਮੂਰਤ ਇੱਕ ਹੀ ਬਾਪ ਹੈ। ਵਾਸਤਵ ਵਿੱਚ ਸਤਿਗੁਰੂ ਅੱਖਰ ਹੀ ਰਾਈਟ ਹੈ। ਤੁਸੀਂ ਸਭ ਵਿੱਚ ਰਾਈਟ ਅੱਖਰ ਫੇਰ ਵੀ ਸਿੱਖ ਲੋਕੀਂ ਬੋਲਦੇ ਹਨ। ਵੱਡੀ - ਵੱਡੀ ਆਵਾਜ਼ ਵਿੱਚ ਕਹਿੰਦੇ ਹਨ - ਸਤਿਗੁਰੂ ਅਕਾਲ। ਬੜੀ ਜ਼ੋਰ ਨਾਲ ਧੁਨ ਲਾਉਂਦੇ ਹਨ, ਸਤਿਗੁਰੂ ਅਕਾਲ ਮੂਰਤ ਕਹਿੰਦੇ ਹਨ। ਮੂਰਤ ਹੀ ਨਹੀਂ ਹੋਵੇ ਤਾਂ ਉਹ ਫੇਰ ਸਤਿਗੁਰੂ ਕਿਵੇਂ ਬਣਨਗੇ, ਸਦਗਤੀ ਕਿਵੇਂ ਦੇਣਗੇ? ਉਹ ਸਤਿਗੁਰੂ ਆਪ ਆਕੇ ਆਪਣਾ ਪਰਿਚੈ ਦਿੰਦੇ ਹਨ - ਮੈਂ ਤੁਹਾਡੇ ਵਾਂਗ ਜਨਮ ਨਹੀਂ ਲੈਂਦਾ ਹਾਂ। ਹੋਰ ਤਾਂ ਸਭ ਸ਼ਰੀਰਧਾਰੀ ਬੈਠ ਸੁਣਾਉਂਦੇ ਹਨ। ਤੁਹਾਨੂੰ ਅਸ਼ਰੀਰੀ ਰੂਹਾਨੀ ਬਾਪ ਬੈਠ ਸਮਝਾਉਂਦੇ ਹਨ। ਰਾਤ - ਦਿਨ ਦਾ ਫ਼ਰਕ ਹੈ। ਇਸ ਵਕ਼ਤ ਮਨੁੱਖ ਜੋ ਵੀ ਕਰਦੇ ਹਨ ਉਹ ਗ਼ਲਤ ਹੀ ਕਰਦੇ ਹਨ ਕਿਉਂਕਿ ਰਾਵਣ ਦੀ ਮੱਤ ਤੇ ਹੈ ਨਾ। ਹਰ ਇੱਕ ਵਿੱਚ 5 ਵਿਕਾਰ ਹੈ। ਹੁਣ ਰਾਵਣ ਰਾਜ ਹੈ, ਇਹ ਗੱਲਾਂ ਡਿਟੇਲ ਵਿੱਚ ਬਾਪ ਬੈਠ ਸਮਝਾਉਂਦੇ ਹਨ। ਨਹੀਂ ਤਾਂ ਸਾਰੀ ਦੁਨੀਆਂ ਦੇ ਚੱਕਰ ਦਾ ਪਤਾ ਕਿਵੇਂ ਲੱਗੇ। ਇਹ ਚੱਕਰ ਕਿਵੇਂ ਫ਼ਿਰਦਾ ਹੈ, ਪਤਾ ਲੱਗਣਾ ਚਾਹੀਦਾ ਨਾ। ਇਹ ਵੀ ਤੁਸੀਂ ਨਹੀਂ ਕਹਿੰਦੇ ਹੋ ਕਿ ਬਾਬਾ ਸਮਝਾਓ। ਆਪੇਹੀ ਬਾਪ ਸਮਝਾਉਂਦੇ ਰਹਿੰਦੇ ਹਨ। ਤੁਹਾਨੂੰ ਇੱਕ ਵੀ ਪ੍ਰਸ਼ਨ ਪੁੱਛਣ ਦਾ ਨਹੀਂ ਰਹਿੰਦਾ। ਭਗਵਾਨ ਤਾਂ ਬਾਪ ਹੈ। ਬਾਪ ਦਾ ਕੰਮ ਹੈ, ਸਭ ਕੁਝ ਆਪੇਹੀ ਸੁਣਾਉਣਾ, ਆਪੇਹੀ ਸਭ ਕੁਝ ਕਰਨਾ। ਬੱਚਿਆਂ ਨੂੰ ਸਕੂਲ ਵਿੱਚ ਬਾਪ ਆਪੇਹੀ ਬਿਠਾਉਂਦੇ ਹਨ। ਨੌਕਰੀ ਤੇ ਲਾਉਂਦੇ ਹਨ ਫੇਰ ਉਨ੍ਹਾਂ ਨੂੰ ਕਹਿੰਦੇ ਹਨ 60 ਵਰ੍ਹੇ ਬਾਦ ਇਹ ਸਭ ਕੁਝ ਛੱਡ ਭਗਵਾਨ ਦਾ ਭਜਨ ਕਰਨਾ। ਵੇਦ - ਸ਼ਾਸਤ੍ਰ ਆਦਿ ਪੜ੍ਹਨਾ, ਪੂਜਾ ਕਰਨਾ। ਤੁਸੀਂ ਅੱਧਾਕਲਪ ਪੁਜਾਰੀ ਬਣੇ ਫੇਰ ਅੱਧਾਕਲਪ ਦੇ ਲਈ ਪੂਜਯ ਬਣਦੇ ਹੋ। ਪਵਿੱਤਰ ਕਿਵੇਂ ਬਣੋ, ਉਸ ਲਈ ਕਿੰਨਾ ਸਹਿਜ ਸਮਝਾਇਆ ਜਾਂਦਾ ਹੈ। ਫੇਰ ਭਗਤੀ ਬਿਲਕੁਲ ਛੁੱਟ ਜਾਂਦੀ ਹੈ। ਉਹ ਸਭ ਭਗਤੀ ਕਰ ਰਹੇ ਹਨ, ਤੁਸੀਂ ਗਿਆਨ ਲੈ ਰਹੇ ਹੋ। ਉਹ ਰਾਤ ਵਿੱਚ ਹਨ, ਤੁਸੀਂ ਦਿਨ ਵਿੱਚ ਜਾਂਦੇ ਹੋ ਜਾਂ ਸ੍ਵਰਗ ਵਿੱਚ। ਗੀਤਾ ਵਿੱਚ ਲਿਖਿਆ ਹੋਇਆ ਹੈ ਮਨਮਨਾਭਵ, ਇਹ ਅੱਖਰ ਤਾਂ ਮਸ਼ਹੂਰ ਹੈ। ਗੀਤਾ ਪੜ੍ਹਨ ਵਾਲੇ ਸਮਝ ਸਕਦੇ ਹਨ, ਬਹੁਤ ਸਹਿਜ ਲਿਖਿਆ ਹੋਇਆ ਹੈ। ਸਾਰੀ ਉਮਰ ਗੀਤਾ ਪੜ੍ਹਦੇ ਆਏ ਹੋ, ਕੁਝ ਵੀ ਨਹੀਂ ਸਮਝਦੇ। ਹੁਣ ਉਹ ਹੀ ਗੀਤਾ ਦਾ ਭਗਵਾਨ ਬੈਠ ਸਿਖਾਉਂਦੇ ਹਨ ਤਾਂ ਪਤਿਤ ਤੋਂ ਪਾਵਨ ਬਣ ਜਾਂਦੇ ਹਾਂ। ਹੁਣ ਅਸੀਂ ਭਗਵਾਨ ਤੋਂ ਗੀਤਾ ਸੁਣਦੇ ਹਾਂ ਫੇਰ ਹੋਰਾਂ ਨੂੰ ਸੁਣਾਉਂਦੇ ਹਾਂ, ਪਾਵਨ ਬਣਦੇ ਹਾਂ।

ਬਾਪ ਦੇ ਮਹਾਵਾਕਿਆ ਹਨ ਨਾ - ਇਹ ਹੈ ਸਹਿਜ ਰਾਜਯੋਗ। ਮਨੁੱਖ ਕਿੰਨੀ ਅੰਧਸ਼ਰਦਾ ਵਿੱਚ ਡੁਬੇ ਹੋਏ ਹਨ, ਤੁਹਾਡੀ ਤਾਂ ਗੱਲ ਹੀ ਨਹੀਂ ਸੁਣਦੇ ਹਨ। ਡਰਾਮਾ ਅਨੁਸਾਰ ਉਨ੍ਹਾਂ ਦੀ ਵੀ ਜਦੋਂ ਤਕਦੀਰ ਖੁਲ੍ਹੇ ਉਦੋਂ ਹੀ ਆ ਸਕਦੇ ਹਨ, ਤੁਹਾਡੇ ਕੋਲ। ਤੁਹਾਡੀ ਜਿਹੀ ਤਕਦੀਰ ਹੋਰ ਕੋਈ ਧਰਮ ਵਾਲਿਆਂ ਦੀ ਨਹੀਂ ਹੁੰਦੀ। ਬਾਪ ਨੇ ਸਮਝਾਇਆ ਹੈ ਇਹ ਤੁਹਾਡਾ ਦੇਵੀ - ਦੇਵਤਾ ਧਰਮ ਬਹੁਤ ਸੁੱਖ ਦੇਣ ਵਾਲਾ ਹੈ। ਤੁਸੀਂ ਹੀ ਸਮਝਦੇ ਹੋ - ਬਾਪ ਠੀਕ ਕਹਿੰਦੇ ਹਨ। ਸ਼ਾਸਤ੍ਰਾਂ ਵਿੱਚ ਵੀ ਤਾਂ ਉਹ ਹੀ ਕੰਸ - ਰਾਵਣ ਆਦਿ ਬੈਠ ਵਿਖਾਉਂਦੇ ਹਨ। ਉਥੋਂ ਦੇ ਸੁੱਖ ਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੈ। ਭਾਵੇਂ ਦੇਵਤਾਵਾਂ ਨੂੰ ਪੂਜਦੇ ਹਨ ਪਰ ਬੁੱਧੀ ਵਿੱਚ ਕੁਝ ਨਹੀਂ ਬੈਠਦਾ। ਹੁਣ ਬਾਪ ਕਹਿੰਦੇ ਹਨ - ਬੱਚੇ, ਮੈਨੂੰ ਯਾਦ ਕਰਦੇ ਹੋ? ਇਵੇਂ ਕਦੀ ਸੁਣਿਆ ਕਿ ਬਾਪ ਬੱਚਿਆਂ ਨੂੰ ਕਹਿੰਦੇ ਹਨ ਕਿ ਤੁਸੀਂ ਮੈਨੂੰ ਯਾਦ ਕਰੋ। ਲੌਕਿਕ ਬਾਪ ਕਦੀ ਇਵੇਂ ਯਾਦ ਕਰਨ ਨੂੰ ਪੁਰਸ਼ਾਰਥ ਕਰਾਉਂਦੇ ਹਨ ਕੀ? ਇਹ ਬੇਹੱਦ ਦਾ ਬਾਪ ਬੈਠ ਸਮਝਾਉਂਦੇ ਹਨ। ਤੁਸੀਂ ਸਾਰੇ ਵਿਸ਼ਵ ਦੇ ਆਦਿ - ਮੱਧ - ਅੰਤ ਨੂੰ ਜਾਣਕੇ ਚੱਕਰਵਰਤੀ ਰਾਜਾ ਬਣ ਜਾਓਗੇ। ਪਹਿਲਾਂ ਤੁਸੀਂ ਜਾਓਗੇ ਘਰ। ਫੇਰ ਆਉਣਾ ਹੈ ਪਾਰ੍ਟਧਾਰੀ ਬਣਕੇ। ਹੁਣ ਕਿਸੇ ਨੂੰ ਵੀ ਪਤਾ ਨਹੀਂ ਲੱਗੇਗਾ ਕਿ ਇਹ ਨਵੀਂ ਆਤਮਾ ਹੈ ਜਾਂ ਪੁਰਾਣੀ ਆਤਮਾ ਹੈ। ਨਵੀਂ ਆਤਮਾ ਦਾ ਨਾਮਾਚਾਰ ਜ਼ਰੂਰ ਹੁੰਦਾ ਹੈ। ਹੁਣ ਵੀ ਵੇਖੋ ਕਿਸੇ - ਕਿਸੇ ਦਾ ਕਿੰਨਾ ਨਾਮਾਚਾਰ ਹੁੰਦਾ ਹੈ। ਮਨੁੱਖ ਢੇਰ ਆ ਜਾਂਦੇ ਹਨ। ਬੈਠੇ - ਬੈਠੇ ਅਚਾਨਕ ਹੀ ਆ ਜਾਂਦੇ ਹਨ। ਤੇ ਉਹ ਪ੍ਰਭਾਵ ਪੈਂਦਾ। ਬਾਬਾ ਵੀ ਇਸ ਵਿੱਚ ਅਚਾਨਕ ਹੀ ਆਉਂਦੇ ਹਨ ਤੇ ਉਹ ਪ੍ਰਭਾਵ ਪੈਂਦਾ ਹੈ। ਉਹ ਵੀ ਨਵੀਂ ਆਤਮਾ ਆਉਂਦੀ ਹੈ ਤਾਂ ਪੁਰਾਣਿਆਂ ਤੇ ਪ੍ਰਭਾਵ ਹੁੰਦਾ ਹੈ। ਟਾਲ - ਟਾਲੀਆਂ ਨਿਕਲਦੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਮਹਿਮਾ ਹੁੰਦੀ ਹੈ। ਕਿਸੇ ਨੂੰ ਪਤਾ ਨਹੀਂ ਰਹਿੰਦਾ ਹੈ ਕਿ ਇਨ੍ਹਾਂ ਦਾ ਨਾਮਾਚਾਰ ਕਿਉਂ ਹੈ? ਨਵੀ ਆਤਮਾਂ ਹੋਣ ਨਾਲ ਉਨ੍ਹਾਂ ਵਿੱਚ ਕਸ਼ਿਸ਼ ਹੁੰਦੀ ਹੈ। ਹੁਣ ਤਾਂ ਵੇਖੋ ਕਿੰਨੇ ਢੇਰ ਝੂਠੇ ਭਗਵਾਨ ਬਣ ਗਏ ਹਨ, ਇਸਲਈ ਗਾਇਨ ਹੈ ਸੱਚ ਦੀ ਬੇੜੀ ਹਿਲਦੀ - ਡੁਲ੍ਹਦੀ ਹੈ ਪਰ ਡੁਬਦੀ ਨਹੀ ਹੈ। ਤੂਫ਼ਾਨ ਬਹੁਤ ਆਉਂਦੇ ਹਨ ਕਿਉਂਕਿ ਭਗਵਾਨ ਖਵਈਆ ਹੈ ਨਾ। ਬੱਚੇ ਵੀ ਹਿਲਦੇ ਹਨ, ਨਾਂਵ ਨੂੰ ਤੂਫ਼ਾਨ ਬਹੁਤ ਲਗਦੇ ਹਨ। ਹੋਰ ਸਤਿਸੰਗਾ ਵਿੱਚ ਤਾਂ ਢੇਰ ਜਾਂਦੇ ਹਨ ਪਰ ਉੱਥੇ ਕਦੀ ਤੂਫ਼ਾਨ ਆਦਿ ਦੀ ਗੱਲ ਨਹੀਂ ਆਉਂਦੀ। ਇੱਥੇ ਅਬਲਾਵਾਂ ਤੇ ਕਿੰਨੇ ਅਤਿਆਚਾਰ ਹੁੰਦੇ ਹਨ ਪਰ ਫੇਰ ਵੀ ਸਥਾਪਨਾ ਤਾਂ ਹੋਣੀ ਹੈ। ਬਾਪ ਬੈਠ ਸਮਝਾਉਂਦੇ ਹਨ - ਹੇ ਆਤਮਾਵੋ, ਤੁਸੀਂ ਕਿੰਨੇ ਜੰਗਲੀ ਕਾਂਟੇ ਬਣ ਗਏ ਹੋ, ਦੂਜਿਆਂ ਨੂੰ ਕਾਂਟਾ ਲਾਉਂਦੇ ਹੋ। ਰਿਸਪੌਂਡ ਤਾਂ ਹਰ ਗੱਲ ਦਾ ਮਿਲਦਾ ਹੈ। ਉੱਥੇ ਦੁੱਖ ਦੀ ਛੀ - ਛੀ ਗੱਲ ਕੋਈ ਹੁੰਦੀ ਨਹੀਂ ਇਸਲਈ ਉਸਨੂੰ ਕਿਹਾ ਹੀ ਜਾਂਦਾ ਹੈ ਸ੍ਵਰਗ। ਮਨੁੱਖ ਸ੍ਵਰਗ ਅਤੇ ਨਰਕ ਕਹਿੰਦੇ ਹਨ ਪਰ ਸਮਝਦੇ ਨਹੀਂ ਹਨ। ਕਹਿੰਦੇ ਹਨ - ਫਲਾਣਾ ਸ੍ਵਰਗ ਗਿਆ, ਇਹ ਕਹਿਣਾ ਵੀ ਅਸਲ ਵਿੱਚ ਗ਼ਲਤ ਹੈ। ਨਿਰਾਕਾਰੀ ਦੁਨੀਆਂ ਨੂੰ ਵੀ ਕੋਈ ਹੈਵਿਨ ਨਹੀਂ ਕਿਹਾ ਜਾਂਦਾ ਹੈ। ਉਹ ਹੈ ਮੁਕਤੀਧਾਮ। ਉਹ ਫੇਰ

ਕਹਿੰਦੇ ਹਨ ਸ੍ਵਰਗ ਵਿੱਚ ਗਿਆ।

ਹੁਣ ਤੁਸੀਂ ਜਾਣਦੇ ਹੋ - ਇਹ ਮੁਕਤੀਧਾਮ ਆਤਮਾਵਾਂ ਦਾ ਘਰ ਹੈ। ਜਿਵੇਂ ਇੱਥੇ ਘਰ ਹੁੰਦੇ ਹਨ। ਭਗਤੀ ਮਾਰ੍ਗ ਵਿੱਚ ਜੋ ਬਹੁਤ ਧਨਵਾਨ ਹੁੰਦੇ ਹਨ, ਤੇ ਕਿੰਨੇ ਉੱਚੇ ਮੰਦਿਰ ਬਣਾਉਂਦੇ ਹਨ। ਸ਼ਿਵ ਦਾ ਮੰਦਿਰ ਵੇਖੋ ਕਿਵੇਂ ਬਣਾਇਆ ਹੋਇਆ ਹੈ। ਲਕਸ਼ਮੀ - ਨਾਰਾਇਣ ਦਾ ਵੀ ਮੰਦਿਰ ਬਣਾਉਂਦੇ ਹਨ ਤੇ ਸੱਚੇ ਜ਼ੇਵਰ ਆਦਿ ਕਿੰਨੇ ਹੁੰਦੇ ਹਨ। ਬਹੁਤ ਧੰਨ ਰਹਿੰਦਾ ਹੈ। ਹੁਣ ਤਾਂ ਝੂਠ ਹੋ ਗਿਆ ਹੈ। ਤੁਸੀਂ ਵੀ ਅੱਗੇ ਕਿੰਨੇ ਸੱਚੇ ਜ਼ੇਵਰ ਪਾਉਂਦੇ ਸੀ। ਹੁਣ ਤਾਂ ਗੌਰਮਿੰਟ ਦੇ ਡਰ ਨਾਲ ਸੱਚਾ ਲੁਕਾਉਂਦੇ ਝੂਠ ਪਾਉਂਦੇ ਰਹਿੰਦੇ ਹਨ। ਉੱਥੇ ਤਾਂ ਹੈ ਸੱਚ ਹੀ ਸੱਚ। ਝੂਠਾ ਕੁੱਝ ਵੀ ਹੁੰਦਾ ਨਹੀਂ। ਇੱਥੇ ਸੱਚਾ ਹੁੰਦੇ ਵੀ ਲੁਕਾਕੇ ਰੱਖ ਦੇਂਦੇ ਹਨ। ਦਿਨ - ਪ੍ਰਤਿਦਿਨ ਸੋਨਾ ਮਹਿੰਗਾ ਹੁੰਦਾ ਰਹਿੰਦਾ ਹੈ। ਉੱਥੇ ਤਾਂ ਹੈ ਹੀ ਸ੍ਵਰਗ। ਤੁਹਾਨੂੰ ਸਭ ਕੁਝ ਨਵਾਂ ਮਿਲੇਗਾ। ਨਵੀਂ ਦੁਨੀਆਂ ਵਿੱਚ ਸਭ ਕੁਝ ਨਵਾਂ, ਅਕੀਚਾਰ (ਅਥਾਹ) ਧੰਨ ਸੀ। ਹੁਣ ਤਾਂ ਵੇਖੋ ਹਰ ਇੱਕ ਚੀਜ਼ ਕਿੰਨੀ ਮਹਿੰਗੀ ਹੋ ਗਈ ਹੈ। ਹੁਣ ਤੁਸੀਂ ਬੱਚਿਆਂ ਨੂੰ ਮੂਲਵਤਨ ਤੋਂ ਲੈਕੇ ਸਭ ਰਾਜ਼ ਸਮਝਾਇਆ ਹੈ। ਮੂਲਵਤਨ ਦਾ ਰਾਜ਼ ਬਾਪ ਬਗ਼ੈਰ ਕੌਣ ਸਮਝਾਏਗਾ। ਤੁਹਾਨੂੰ ਵੀ ਫੇਰ ਟੀਚਰ ਬਣਨਾ ਹੈ। ਗ੍ਰਹਿਸਤ ਵਿਵਹਾਰ ਵਿੱਚ ਵੀ ਭਾਵੇਂ ਰਹੋ। ਕਮਲ ਫੁੱਲ ਸਮਾਨ ਪਵਿੱਤਰ ਰਹੋ। ਹੋਰਾਂ ਨੂੰ ਵੀ ਆਪ ਸਮਾਨ ਬਣਾਓਗੇ ਤਾਂ ਬਹੁਤ ਉੱਚਾ ਪੱਦ ਪਾ ਸਕਦੇ ਹੋ। ਇੱਥੇ ਰਹਿਣ ਵਾਲਿਆਂ ਤੋਂ ਵੀ ਉੱਚਾ ਪੱਦ ਪਾ ਸਕਦੇ ਹੋ। ਨੰਬਰਵਾਰ ਤਾਂ ਹੈ ਹੀ, ਬਾਹਰ ਵਿੱਚ ਰਹਿੰਦੇ ਹੋਇਆ ਵੀ ਵਿਜੈ ਮਾਲਾ ਵਿੱਚ ਪਿਰੋ ਸਕਦੇ ਹੋ। ਹਫ਼ਤੇ ਦਾ ਕੋਰ੍ਸ ਲੈ ਫੇਰ ਭਾਵੇਂ ਵਿਲਾਇਤ ਵਿੱਚ ਜਾਵੇ ਜਾਂ ਕਿੱਥੇ ਵੀ ਜਾਵੇ। ਸਾਰੀ ਦੁਨੀਆਂ ਨੂੰ ਵੀ ਮੈਸੇਜ ਮਿਲਣਾ ਹੈ। ਬਾਪ ਆਏ ਹਨ, ਸਿਰਫ਼ ਕਹਿੰਦੇ ਹਨ ਮਾਮੇਕਮ ਯਾਦ ਕਰੋ। ਉਹ ਬਾਪ ਹੀ ਲਿਬ੍ਰੇਟਰ ਹੈ, ਗਾਇਡ ਹੈ। ਉੱਥੇ ਤੁਸੀਂ ਜਾਓਗੇ ਤਾਂ ਅਖਬਾਰਾਂ ਵਿੱਚ ਵੀ ਬਹੁਤ ਨਾਮ ਹੋ ਜਾਵੇਗਾ। ਦੂਜਿਆਂ ਨੂੰ ਵੀ ਇਹ ਬਹੁਤ ਸਹਿਜ ਗੱਲ ਲੱਗੇਗੀ - ਆਤਮਾ ਅਤੇ ਸ਼ਰੀਰ ਦੋ ਚੀਜ਼ਾਂ ਹਨ। ਆਤਮਾ ਵਿੱਚ ਹੀ ਮਨ - ਬੁੱਧੀ ਹੈ, ਸ਼ਰੀਰ ਤਾਂ ਜੜ੍ਹ ਹੈ। ਪਾਰ੍ਹਧਾਰੀ ਆਤਮਾ ਬਣਦੀ ਹੈ। ਖ਼ੂਬੀ ਵਾਲੀ ਚੀਜ਼ ਆਤਮਾ ਹੈ ਤੇ ਹੁਣ ਬਾਪ ਨੂੰ ਯਾਦ ਕਰਨਾ ਹੈ। ਇੱਥੇ ਰਹਿਣ ਵਾਲੇ ਇੰਨਾ ਯਾਦ ਨਹੀਂ ਕਰਦੇ ਹਨ, ਜਿਨਾਂ ਬਾਹਰ ਵਾਲੇ ਕਰਦੇ ਹਨ। ਜੋ ਬਹੁਤ ਯਾਦ ਕਰਦੇ ਹਨ ਅਤੇ ਆਪ ਸਮਾਨ ਬਣਾਉਂਦੇ ਰਹਿੰਦੇ ਹਨ, ਕੰਡਿਆਂ ਨੂੰ ਫੁੱਲ ਬਣਾਉਂਦੇ ਰਹਿੰਦੇ ਹਨ, ਉਹ ਉੱਚ ਪੱਦ ਪਾਉਂਦੇ ਹਨ। ਤੁਸੀਂ ਸਮਝਦੇ ਹੋ ਪਹਿਲਾਂ ਅਸੀਂ ਕਾਂਟੇ ਸੀ। ਹੁਣ ਬਾਪ ਨੇ ਆਰਡੀਨੈਂਸ ਕੱਢਿਆ ਹੈ - ਕਾਮ ਮਹਾਸ਼ਤ੍ਰੂ ਹੈ, ਇਸ ਤੇ ਜਿੱਤ ਪਾਉਣ ਨਾਲ ਤੁਸੀਂ ਜਗਤਜੀਤ ਬਣ ਜਾਵੋਗੇ। ਪਰ ਲਿਖਤ ਨਾਲ ਕੋਈ ਸਮਝਦੇ ਥੋੜੀ ਹੀ ਹਨ। ਹੁਣ ਬਾਪ ਨੇ ਸਮੱਝਾਇਆ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦਾ ਗਿਆਨ ਰਤਨ ਚੁਗਣ ਵਾਲਾ ਹੰਸ ਬਣਨਾ ਹੈ, ਮੋਤੀ ਹੀ ਚੁਗਣੇ ਹੈ । ਕਿਚੜਾ ਛੱਡ ਦੇਣਾ ਹੈ । ਹਰ ਕਦਮ ਵਿੱਚ ਪਦਮਾ ਦੀ ਕਮਾਈ ਜਮਾ ਕਰ ਪਦਮਾਪਦਮ ਭਾਗਿਆਸ਼ਾਲੀ ਬਣਨਾ ਹੈ।

2. ਉੱਚ ਪੱਦ ਪਾਉਣ ਦੇ ਲਈ ਟੀਚਰ ਬਣਕੇ ਬਹੁਤਿਆਂ ਦੀ ਸੇਵਾ ਕਰਨੀ ਹੈ । ਕਮਲ ਫੁੱਲ ਸਮਾਨ ਪਵਿੱਤਰ ਰਹਿ ਆਪ ਸਮਾਨ ਬਨਾਉਣਾ ਹੈ । ਕੰਡਿਆਂ ਨੂੰ ਫੁੱਲ ਬਨਾਉਣਾ ਹੈ।

ਵਰਦਾਨ:- ਤੇਰੇ ਮੇਰੇ ਦੀ ਹਲਚਲ ਨੂੰ ਸਮਾਪਤ ਕਰ ਰਹਿਮ ਦੀ ਭਾਵਨਾ ਇਮਰਜ਼ ਕਰਨ ਵਾਲੇ ਮਰਸੀਫੁੱਲ ਭਵ

ਸਮੇਂ ਪ੍ਰਤੀ ਸਮੇਂ ਕਿੰਨੀ ਆਤਮਾਵਾਂ ਦੁੱਖ ਦੀ ਲਹਿਰ ਵਿੱਚ ਆਉਦੀਆਂ ਹਨ। ਪ੍ਰਕ੍ਰਿਤੀ ਦੀ ਥੋੜੀ ਵੀ ਹਲਚਲ ਹੁੰਦੀ ਹੈ, ਆਪਦਾਵਾਂ ਆਉਦੀਆਂ ਹਨ ਤਾਂ ਅਨੇਕ ਆਤਮਾਵਾਂ ਤੜਪਦੀਆਂ ਹਨ, ਮਰਸੀ, ਰਹਿਮ ਮੰਗਦੀਆਂ ਹਨ। ਤਾਂ ਅਜਿਹੀਆਂ ਆਤਮਾਵਾਂ ਦੀ ਪੁਕਾਰ ਸੁਣ ਰਹਿਮ ਦੀ ਭਾਵਨਾ ਇਮਰਜ਼ ਕਰੋ। ਪੂਜਯ ਸਵਰੂਪ, ਮਰਸੀਫੁੱਲ ਦਾ ਧਾਰਨ ਕਰੋ। ਖੁਦ ਨੂੰ ਸੰਪੰਨ ਬਣਾ ਲਵੋ ਤਾਂ ਇਹ ਦੁੱਖ ਦੀ ਦੁਨੀਆਂ ਸੰਪੰਨ ਹੋ ਜਾਏ। ਹੁਣ ਪਰਿਵਰਤਨ ਦੀ ਸ਼ੁਭ ਭਾਵਨਾ ਦੀ ਲਹਿਰ ਤੀਵਰਗਤੀ ਨਾਲ ਫੈਲਾਓ ਤਾਂ ਤੇਰੇ ਮੇਰੇ ਦੀ ਹਲਚਲ ਖ਼ਤਮ ਹੋ ਜਾਏਗੀ।

ਸਲੋਗਨ:- ਵਿਅਰਥ ਸੰਕਲਪਾਂ ਦੀ ਹਥੌੜੀ ਨਾਲ ਸਮੱਸਿਆ ਦੇ ਪੱਥਰ ਨੂੰ ਤੋੜ੍ਹਨ ਦੀ ਬਜਾਏ ਹਾਈ ਜੰਪ ਦੇ ਸਮੱਸਿਆ ਨੂੰ ਪਾਰ ਕਰਨ ਵਾਲੇ ਬਣੋ।

******